ਵਿਸ਼ਾ-ਪੰਜਾਬੀ **ਸਮਾਨਾਰਥਕ ਸ਼ਬਦ** ਜਮਾਤ - ਦਸਵੀਂ

• **ਸਮਾਨਾਰਥਕ ਸ਼ਬਦ** - ਉਹ ਸ਼ਬਦ ਜੋ ਬਣਤਰ ਪੱਖੋਂ ਵੱਖ-ਵੱਖ ਹੁੰਦੇ ਹਨ, ਪਰ ਉਹਨਾਂ ਦੇ ਅਰਥ ਸਮਾਨ ਹੁੰਦੇ ਹਨ, ਉਹਨਾਂ ਨੂੰ ਸਮਾਨਾਰਥਕ ਸ਼ਬਦ ਕਹਿੰਦੇ ਹਨ।

1. **ਉਸਤਤ** - ਉਪਮਾ, ਸ਼ਲਾਘਾ, ਪ੍ਰਸ਼ੰਸਾ, ਵਡਿਆਈ।
2. **ਉਚਿਤ** - ਠੀਕ, ਯੋਗ, ਢੁਕਵਾਂ।
3. **ਉਜੱਡ** - ਅੱਖੜ, ਗਵਾਰ, ਮੂਰਖ।
4. **ਉੱਜਲ** - ਸਾਫ਼, ਨਿਰਮਲ ।
5. **ਉਜਾਲਾ** - ਚਾਨਣ, ਪ੍ਰਕਾਸ਼, ਲੋਅ, ਰੋਸ਼ਨੀ।
6. **ਉੱਤਮ** - ਚੰਗਾ, ਸ਼੍ਰੇਸ਼ਟ, ਵਧੀਆ।
7. **ਉੱਦਮ** - ਉਪਰਾਲਾ, ਜਤਨ, ਕੋਸ਼ਸ਼।
8. **ਉਦਾਸ** - ਚਿੰਤਾਤਰ, ਫ਼ਿਕਰਮੰਦ, ਪਰੇਸ਼ਾਨ, ਨਿਰਾਸ਼, ਉਪਰਾਮ।
9. **ਉੱਨਤੀ** - ਤਰੱਕੀ, ਵਿਕਾਸ, ਖ਼ੁਸ਼ਹਾਲੀ, ਪ੍ਰਗਤੀ।
10. **ਉਪਕਾਰ** - ਭਲਾਈ, ਨੇਕੀ, ਅਹਿਸਾਨ, ਮਿਹਰਬਾਨੀ।
11. **ਉਪਯੋਗ** - ਵਰਤੋਂ, ਲਾਭ।
12. **ਉਮੰਗ** - ਤਾਂਘ, ਇੱਛਾ, ਉਤਸ਼ਾਹ, ਚਾਅ।
13. **ਉਲਟਾ** - ਮੂਧਾ, ਪੁੱਠਾ, ਵਿਰੁੱਧ ।
14. **ਊਣਾ** - ਹੋਛਾ, ਅਧੂਰਾ, ਅਪੂਰਨ ।
15. **ਓਪਰਾ** - ਬੇਗਾਨਾ, ਪਰਾਇਆ, ਬਾਹਰਲਾ, ਗ਼ੈਰ ।
16. **ਓੜਕ** - ਅਖੀਰ, ਅੰਤ, ਛੇਕੜ।
17. **ਅਕਲ** - ਮੱਤ, ਸਮਝ, ਸਿਆਣਪ।
18. **ਅਕਾਸ਼** - ਅਸਮਾਨ, ਗਗਨ, ਅੰਬਰ, ਅਰਸ਼।
19. **ਅੰਞਾਣਾ** - ਨਿਆਣਾ, ਅਨਜਾਣ, ਬੇਸਮਝ ।
20. **ਅੱਡਰਾ** - ਵੱਖ, ਅਲੱਗ, ਜੁਦਾ, ਭਿੰਨ।
21. **ਅੰਤਰ** - ਭੇਦ, ਫ਼ਰਕ, ਵਿੱਥ।
22. **ਅਨਾਥ** - ਯਤੀਮ, ਬੇਸਹਾਰਾ।
23. **ਅਮਨ** - ਸ਼ਾਂਤੀ, ਚੈਨ, ਟਿਕਾਅ ।
24. **ਅਮੀਰ** - ਧਨਵਾਨ, ਧਨਾਢ, ਦੌਲਤਮੰਦ।
25. **ਅਰਥ** - ਭਾਵ, ਮਤਲਬ, ਮੰਤਵ, ਮਾਅਨਾ।
26. **ਅਰੰਭ** - ਆਦਿ, ਸ਼ੁਰੂ, ਮੁੱਢ, ਮੂਲ।
27. **ਅਲੌਕਿਕ** - ਅਲੋਕਾਰ, ਅਨੋਖਾ, ਅਨੂਠਾ, ਅਦਭੁਤ, ਬੇਮਿਸਾਲ।
28. **ਅਜ਼ਾਦੀ** - ਸੁਤੰਤਰਤਾ, ਸੁਾਧੀਨਤਾ, ਮੁਕਤੀ, ਰਿਹਾਈ।
29. **ਆਥਣ** - ਸ਼ਾਮ, ਸੰਝ , ਤਕਾਲਾਂ।
30. **ਆਦਰ** - ਮਾਣ, ਇੱਜ਼ਤ, ਵਡਿਆਈ, ਸਤਿਕਾਰ, ਆਉ-ਭਗਤ।
31. **ਔਖ** - ਬਿਪਤਾ, ਕਠਨਾਈ, ਦੁੱਖ, ਸਮੱਸਿਆ, ਰੁਕਾਵਟ, ਅੜਚਨ, ਮੁਸ਼ਕਲ।

32. **ਇਸਤਰੀ** - ਤੀਵੀਂ, ਔਰਤ, ਨਾਰੀ, ਜ਼ਨਾਨੀ, ਮਹਿਲਾ, ਤ੍ਰੀਮਤ।
33. **ਇਕਰਾਰ** - ਕੌਲ, ਵਚਨ, ਵਾਇਦਾ, ਪ੍ਰਣ, ਪ੍ਰਤਿੱਗਿਆ।
34. **ਇਨਸਾਨ** - ਆਦਮੀ, ਬੰਦਾ, ਮਨੁੱਖ, ਪੁਰਖ, ਮਰਦ, ਮਾਨਵ।
35. **ਸਸਤਾ** - ਸਵੱਲਾ, ਹੌਲਾ, ਹਲਕਾ, ਮਾਮੂਲੀ, ਆਮ।
36. **ਸੰਕੋਚ** - ਸੰਗ, ਸ਼ਰਮ, ਝਿਜਕ, ਲੱਜਿਆ।
37. **ਸੰਜੋਗ** - ਮੇਲ, ਸੰਗਮ, ਢੋਅ, ਸਮਾਗਮ।
38. **ਸੰਤੋਖ** - ਸਬਰ, ਰੱਜ, ਤ੍ਰਿਪਤੀ।
39. **ਸੱਭਿਅਤਾ** - ਤਹਿਜ਼ੀਬ, ਸ਼ਿਸ਼ਟਾਚਾਰ।
40. **ਸਵਾਰਥ** - ਗੌਂ, ਮਤਲਬ, ਗਰਜ਼।
41. **ਸੂਖਮ** - ਬਰੀਕ, ਨਾਜ਼ਕ, ਕੋਮਲ, ਪਤਲਾ।
42. **ਸੋਹਣਾ** - ਸੁੰਦਰ, ਖੂਬਸੂਰਤ, ਮਨੋਹਰ, ਆਕਰਸ਼ਕ, ਵਧੀਆ, ਪਿਆਰਾ।
43. **ਹੁਸ਼ਿਆਰ** - ਸਾਵਧਾਨ, ਚੁਕੰਨਾ, ਸਜਗ, ਚਤਰ, ਚਲਾਕ, ਸੁਜਾਨ।
44. **ਖ਼ਰਾਬ** - ਗੰਦਾ, ਮੰਦਾ, ਭੈੜਾ, ਬੁਰਾ।
45. **ਖ਼ੁਸ਼ਬੋ** - ਮਹਿਕ, ਸੁਗੰਧ।
46. **ਖ਼ੁਸ਼ੀ** - ਪ੍ਰਸੰਨਤਾ, ਅਨੰਦ, ਸਰੂਰ।
47. **ਗ਼ਰੀਬੀ** - ਕੰਗਾਲੀ, ਥੁੜ, ਨਿਰਧਨਤਾ, ਸਾਧਨਹੀਣਤਾ।
48. **ਗੁੱਸਾ** - ਕ੍ਰੋਧ, ਨਰਾਜ਼ਗੀ, ਕਹਿਰ।
49. **ਜਾਨ** - ਜ਼ਿੰਦਗੀ, ਜੀਵਨ, ਪ੍ਰਾਣ, ਜਿੰਦ।
50. **ਜਿਸਮ** - ਸਰੀਰ, ਤਨ, ਦੇਹ, ਬਦਨ, ਜੁੱਸਾ, ਕਾਇਆਂ, ਵਜੂਦ।
51. **ਠਰ੍ਹੰਮਾ** - ਧੀਰਜ, ਸ਼ਾਂਤੀ, ਸਬਰ, ਟਿਕਾਅ।
52. **ਤਾਕਤ** - ਸ਼ਕਤੀ, ਜ਼ੋਰ, ਬਲ, ਸਮਰੱਥਾ।
53. **ਦੋਸਤੀ** - ਯਾਰੀ, ਮਿੱਤਰਤਾ, ਸੱਜਣਤਾ।
54. **ਧਰਤੀ** - ਜ਼ਮੀਨ, ਭੌਂ, ਭੂਮੀ, ਪ੍ਰਿਥਵੀ।
55. **ਪਤਲਾ** - ਮਾੜਾ, ਕਮਜ਼ੋਰ, ਦੁਰਬਲ, ਕੋਮਲ, ਬਰੀਕ।
56. **ਬਹਾਦਰ** - ਵੀਰ, ਸੂਰਮਾ, ਦਲੇਰ, ਬਲਵਾਨ, ਵਰਿਆਮ।
57. **ਮਦਦ** - ਸਹਾਇਤਾ, ਹਮਾਇਤ, ਸਮਰਥਨ।
58. **ਵਰਖਾ** - ਮੀਂਹ, ਬਾਰਸ਼, ਬਰਸਾਤ।
59. **ਵੈਰੀ** - ਵਿਰੋਧੀ, ਦੁਸ਼ਮਣ, ਸ਼ਤਰੂ।
60. **ਨਿਰਮਲ** - ਸਾਫ਼, ਸ਼ੁੱਧ, ਸੁਥਰਾ।